# ਕਾਰਜਸਥਾਨ ਦੇ ਸੱਟ ਤੋਂ ਬਾਅਦ ਆਪਣੀਆਂ ਜ਼ੁੰਮੇਵਾਰੀਆਂ ਦੇ ਬਾਰੇ ਜਾਣੋ

*(1 ਸਿਤੰਬਰ 2018 ਤੋਂ ਪ੍ਰਭਾਵੀ)*

ਕੰਮ ਤੇ ਹਰ ਸਫਲ ਵਾਪਸੀ ਇੱਕ ਮਹਾਨ ਯੋਜਨਾ ਨਾਲ ਸ਼ੁਰੂ ਹੁੰਦੀ ਹੈ। 1 ਸਿੰਤਬਰ ਨੂੰ ਪ੍ਰਭਾਵੀ ਨਵਾਂ ਕਨੂੰਨ ਸਾਰੇ ਐਲਬਰਟਾ ਨੌਕਰੀਦਾਤਾਵਾਂ ਅਤੇ ਉਨ੍ਹਾਂ ਦੇ ਵਰਕਰਾਂ ਲਈ ਸੱਟ ਲੱਗਣ ਤੇ ਠੋਸ ਕੰਮ-ਤੇ-ਵਾਪਸੀ ਯੋਜਨਾ ਬਣਾਉਣ ਲਈ ਮਿਲਕੇ ਕੰਮ ਕਰਨ ਨੂੰ ਹੋਰ ਵੀ ਮਹੱਤਵਪੂਰਨ ਬਣਾਉਂਦਾ ਹੈ।

ਸੋਧੇ ਕਾਰਜ ਅਤੇ ਆਵਾਸ ਦੀਆਂ ਧਾਰਨਾਵਾਂ ਨਵੀਆਂ ਨਹੀਂ ਹਨ। 2017 ਵਿੱਚ, 93 ਪ੍ਰਤੀਸ਼ਤ ਚੋਟਗ੍ਰਸਤ ਵਰਕਰ ਆਪਣੇ ਦੁਰਘਟਨਾ-ਦੀ-ਤਾਰੀਖ ਰੁਜਗਾਰ ਵਿੱਚ ਵਾਪਸ ਆ ਗਏ, ਅਤੇ 80 ਪ੍ਰਤੀਸ਼ਤ ਚੋਟਗ੍ਰਸਤ ਵਰਕਰਾਂ ਨੂੰ ਉਨ੍ਹਾਂ ਦੇ ਠੀਕ ਹੋਣ ਦੇ ਦੌਰਾਨ ਸੰਸ਼ੋਧਿਤ ਕਾਰਜ ਸੌਂਪੇ ਗਏ ਸਨ।

ਬਦਲਾਅ ਇਹ ਹੋਇਆ ਹੈ, ਕਿ ਨਵੇਂ ਕਨੂੰਨ ਦੇ ਤਹਿਤ ਤੁਹਾਡੇ ਨੌਕਰੀਦਾਤਾ ਨੂੰ ਤੁਹਾਨੂੰ ਸੋਧੇ ਕੰਮ ਦੀ ਪੇਸ਼ਕਸ਼ ਕਰਨੀ ਹੋਏਗੀ, ਇਹ ਹੁਣ ਵਿਕਲਪਿਕ ਨਹੀਂ ਰਿਹਾ।

ਤੁਹਾਡੇ ਨੌਕਰੀਦਾਤਾ ਨੂੰ ਤੁਹਾਡੇ ਠੀਕ ਹੋਣ ਤਕ ਤੁਹਾਡੇ ਲਈ ਤੁਹਾਡੀ ਨੌਕਰੀ ਰੋਕ ਕੇ ਰੱਖਣੀ ਹੋਏਗੀ। WCB ਤੁਹਾਡੇ ਅਤੇ ਤੁਹਾਡੇ ਨੌਕਰੀਦਾਤਾ ਦੇ ਨਾਲ ਕੰਮ ਕਰਨਾ ਜਾਰੀ ਰੱਖੇਗਾ ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਤੁਸੀਂ ਸੁਰੱਖਿਅਤ ਰੂਪ ਵਿੱਚ ਕੰਮ ਤੇ ਵਾਪਸ ਆ ਜਾਓ।

## ਜੇ ਤੁਸੀਂ ਕੰਮ ਤੇ ਚੋਟਗ੍ਰਸਤ ਹੋ ਜਾਂਦੇ ਹੋ, ਤਾਂ ਤੁਹਾਡੇ ਲਈ ਨਵਾਂ ਕਨੂੰਨ ਕੀ ਮਾਇਨੇ ਰੱਖਦਾ ਹੈ

ਇਹ ਕਨੂੰਨ 1 ਸਿਤੰਬਰ 2018 ਨੂੰ ਜਾਂ ਉਸਤੋਂ ਬਾਅਦ ਦੀ ਤਾਰੀਖ ਦੀ ਦੁਰਘਟਨਾ ਵਾਲੇ ਦਾਅਵਿਆਂ ਤੇ ਲਾਗੂ ਹੁੰਦਾ ਹੈ। ਨਵੇਂ ਕਨੂੰਨ ਦੇ ਤਹਿਤ, ਨੌਕਰੀਦਾਤਾਵਾਂ ਅਤੇ ਵਰਕਰਾਂ ਤੋਂ ਕਾਰਜਸਥਾਨ ਦੁਰਘਟਨਾ ਦੇ ਬਾਅਦ ਉਸੇ ਨੌਕਰੀ ਜਾਂ ਵਿਕਲਪਿਕ ਨੌਕਰੀ ਤੇ ਵਾਪਸ ਆਉਣ ਲਈ ਮਿਲਕੇ ਕੰਮ ਕਰਨ ਦੀ ਉਮੀਦ ਕੀਤੀ ਜਾਂਦਾ ਹੈ, ਜਦੋਂ ਤਕ ਇਹ ਆਪਣੇ ਕਾਰੋਬਾਰ ਨੂੰ ਚਲਾਉਣ ਦੀ ਨੌਕਰੀਦਾਤਾ ਦੀ ਯੋਗਤਾ ਨੂੰ ਪ੍ਰਭਾਵਿਤ ਨਾ ਕਰੇ।

ਜੇ ਤੁਸੀਂ 12 ਤੋਂ ਵੱਧ ਮਹੀਨਿਆਂ ਲਈ ਆਪਣੀ ਕੰਪਨੀ ਵਿਚ ਕਰਮਚਾਰੀ ਹੋ, ਤਾਂ ਇਹ ਮੰਨਿਆ ਜਾਂਦਾ ਹੈ ਕਿ ਤੁਸੀਂ ਵਾਪਸ ਕੰਮ ਤੇ ਜਾਵੋਗੇ:

- ਜਿਵੇਂ ਹੀ ਤੁਸੀਂ ਉਸੇ ਨੌਕਰੀ ਜਾਂ ਬਰਾਬਰ ਦੇ ਮੁੱਲ ਜਾਂ ਤਨਖਾਹ ਵਾਲੀ ਨੌਕਰੀ ਵਿੱਚ ਤੁਹਾਡੇ ਜ਼ਰੂਰੀ ਫਰਜ਼ਾਂ ਨੂੰ ਪੂਰਾ ਕਰਨ ਵਿੱਚ ਯੋਗ ਹੋ ਜਾਂਦੇ ਹੋ।
- ਜਦੋਂ ਤੁਸੀਂ ਪਹਿਲੀ ਉਪਲਬਧ ਨੌਕਰੀ ਵਿੱਚ ਸੰਸ਼ੋਧਿਤ ਕੰਮ ਜਾਂ ਵਿਕਲਪਿਕ ਕੰਮ ਲਈ ਠੀਕ ਹੋ ਜਾਂਦੇ ਹੋ।

ਇਹ ਨਵਾਂ ਕਨੂੰਨ ਜ਼ਿਆਦਾਤਰ ਨੌਕਰੀਦਾਤਾਵਾਂ ਅਤੇ ਵਰਕਰਾਂ ਤੇ ਲਾਗੂ ਹੁੰਦਾ ਹੈ, ਪਰ ਸਾਰਿਆਂ ਤੇ ਨਹੀਂ। ਇਸ ਵਿੱਚ ਕੁਝ ਅਪਵਾਦ ਹਨ ਜਿਵੇਂ ਅਲਪ-ਅਵਧੀ ਜਾਂ ਮੌਕੇ ਮੁਤਾਬਕ ਕੰਮ ਕਰਨ ਵਾਲੇ ਕਰਮਚਾਰੀ, ਉੱਪ-ਠੇਕੇਦਾਰ ਅਤੇ ਵਿਅਕਤੀਗਤ ਕਵਰੇਜ ਵਾਲੇ ਲੋਕ। *ਅਤੇ ਹੋਰ ਜਾਣਕਾਰੀ ਪ੍ਰਾਪਤ ਕਰੋ।*

## ਜੇ ਤੁਹਾਨੂੰ ਕੰਮ ਤੇ ਸੱਟ ਲੱਗ ਜਾਂਦੀ ਹੈ, ਤਾਂ ਤੁਹਾਨੂੰ ਨਵੇਂ ਕਨੂੰਨ ਦੇ ਬਾਰੇ ਕੀ-ਕੀ ਜਾਣਨ ਦੀ ਲੋੜ ਹੈ, ਉਹ ਇਸ ਪ੍ਰਕਾਰ ਹੈ:

### 1. ਇਸ ਪ੍ਰਕਿਰਿਆ ਵਿੱਚ ਮੇਰਾ ਕੀ ਫਰਜ਼ ਹੈ?

ਤੁਸੀਂ ਅਤੇ ਤੁਹਾਡੇ ਨੌਕਰੀਦਾਤਾ ਦੋਹਾਂ ਨੂੰ ਸੁਰੱਖਿਅਤ ਕੰਮ-ਤੇ-ਵਾਪਸੀ ਵਿੱਚ ਇੱਕ ਦੂਜੇ ਅਤੇ WCB ਨਾਲ ਸਹਿਯੋਗ ਕਰਨ ਦੀ ਲੋੜ ਹੈ। ਇਸਦਾ ਮਤਲਬ ਹੈ ਕਿ ਤੁਹਾਡੀ ਸੰਪੂਰਨ ਬਹਾਲੀ ਅਵਧੀ ਦੇ ਦੌਰਾਨ ਸੰਚਾਰ ਨੂੰ ਬਣਾਏ ਰੱਖਣਾ, ਤੁਹਾਡੀ ਕੰਮ-ਤੇ-ਵਾਪਸੀ ਯੋਜਨਾ ਵਿੱਚ ਕਿਰਿਆਸ਼ੀਲ ਭੂਮਿਕਾ ਨਿਭਾਉਣਾ, ਅਤੇ ਆਪਣੇ ਨੌਕਰੀਦਾਤਾ ਦੇ ਨਾਲ ਕੰਮ ਕਰਨਾ, ਤੁਹਾਡੇ ਠੀਕ ਹੋਣ ਦੇ ਦੌਰਾਨ ਤੁਹਾਡੇ ਲਈ ਉਚਿਤ ਨੌਕਰੀ ਫਰਜ਼ਾਂ ਦੀ ਪਛਾਣ ਕਰਨ ਲਈ ਤੁਹਾਡੇ ਨੌਕਰੀਦਾਤਾ ਨਾਲ ਕੰਮ ਕਰਨਾ। ਇਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ ਕਿ ਤੁਸੀਂ ਆਪਣੀ ਸਭ ਤੋਂ ਵਧੀਆ ਬਹਾਲੀ ਨੂੰ ਕਿਵੇਂ ਪ੍ਰਾਪਤ ਕਰ ਸਕਦੇ ਹੋ।

### 2. ਜੇ ਮੈਂ ਪ੍ਰਕਿਰਿਆ ਵਿੱਚ ਸਹਿਯੋਗ ਨਹੀਂ ਕਰਦਾ ਤਾਂ ਕੀ ਹੋਏਗਾ?

ਸਾਡਾ ਟੀਚਾ ਤੁਹਾਡੇ ਅਤੇ ਤੁਹਾਡੇ ਨੌਕਰੀਦਾਤਾ ਨਾਲ ਕੰਮ ਕਰਨਾ ਹੈ ਤਾਂ ਕਿ ਤੁਸੀਂ ਸੁਰੱਖਿਅਤ ਕੰਮ ਤੇ ਵਾਪਸ ਜਾ ਸਕੋ। ਤੁਸੀਂ ਕੰਮ-ਤੇ-ਵਾਪਸੀ ਪ੍ਰਕਿਰਿਆ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹੋ।

ਜੇ ਤੁਸੀਂ ਸਹਿਯੋਗ ਕਰਨ ਦੇ ਯੋਗ ਨਹੀਂ ਹੋ, ਤਾਂ ਅਸੀਂ ਇਹ ਨਿਰਧਾਰਤ ਕਰਾਂਗੇ ਕਿ ਸਹਿਯੋਗ ਦੇਣ ਨਾ ਕਰਨ ਦਾ ਕੋਈ ਜਾਇਜ਼ ਕਾਰਨ ਹੈ (ਮਿਸਾਲ ਲਈ, ਹੜਤਾਲਾਂ/ਬੰਦ ਹੋਣ, ਪਰਿਵਾਰ ਵਿਚ ਮੌਤ, ਅਚਾਨਕ ਬੀਮਾਰੀ ਜਾਂ ਦੁਰਘਟਨਾ ਆਦਿ)। ਜੇ ਕੋਈ ਜਾਇਜ਼ ਕਾਰਨ ਨਹੀਂ ਹੈ ਭਾਵ, ਅਸੀਂ ਤੁਹਾਡੇ ਮੁਆਵਜ਼ੇ ਦੇ ਲਾਭ ਘਟਾ ਸਕਦੇ ਜਾਂ ਮੁਅੱਤਲ ਕਰ ਸਕਦੇ ਹਾਂ।

### 3. ਮੇਰੇ ਨੌਕਰੀਦਾਤਾ ਦੁਆਰਾ ਫਿਰ ਤੋਂ ਬਹਾਲ ਕੀਤੇ ਜਾਣ ਦੇ ਫਰਜ਼ ਵਿੱਚ ਕਿੰਨਾ ਸਮਾਂ ਲਗਦਾ ਹੈ?

ਜਦੋਂ ਕੋਈ ਕਰਮਚਾਰੀ ਕੰਮ ਤੇ ਵਾਪਸ ਆਉਣ ਤੋਂ ਮਨ੍ਹਾਂ ਕਰਦਾ ਹੈ ਤਾਂ ਨੌਕਰੀਦਾਤਾ ਦਾ ਫਿਰ ਤੋਂ ਬਹਾਲ ਕਰਨ ਦਾ ਫਰਜ਼ ਸਮਾਪਤ ਹੋ ਜਾਂਦਾ ਹੈ। ਜੇ ਤੁਹਾਨੂੰ ਕੰਮ ਤੇ ਵਾਪਸ ਆਉਣ ਦੇ ਛੇ ਮਹੀਨੇ ਦੇ ਅੰਦਰ ਬਰਖਾਸਤ ਕਰ ਦਿੱਤਾ ਜਾਂਦਾ ਹੈ, ਤਾਂ WCB ਇਹ ਮੰਨ ਲਏਗਾ ਕਿ ਤੁਹਾਡੇ ਨੌਕਰੀਦਾਤਾ ਨੇ ਫਿਰ ਤੋਂ ਬਹਾਲ ਕਰਨ ਦੇ ਆਪਣੇ ਫਰਜ਼ ਨੂੰ ਨਹੀਂ ਨਿਭਾਉਂਦਾ ਹੈ, ਜਦੋਂ ਤਕ ਕਿ ਇਸ ਗੱਲ ਦਾ ਸਬੂਤ ਨਾ ਹੋਏ ਕਿ ਕਾਰਜਸਥਾਨ ਦੀ ਸੱਟ ਨਾਲ ਗੈਰ-ਸਬੰਧਿਤ ਕੋਈ ਉਚਿਤ ਅਤੇ ਵੈਧ ਵਿਵਸਾਇਕ ਕਾਰਨ ਸੀ (ਉਦਾਹਰਣ ਲਈ, ਕੰਮ ਬੰਦ ਹੋਣਾ, ਬਰਖਾਸਤਗੀ, ਪ੍ਰਦਰਸ਼ਨ ਨਾਲ ਸਬੰਧਿਤ ਸਮੱਸਿਆਵਾਂ ਆਦਿ) ਜੇ ਇਹ ਸਾਬਤ ਨਹੀਂ ਕੀਤਾ ਜਾ ਸਕਦਾ, ਤਾਂ ਤੁਹਾਡੇ ਨੌਕਰੀਦਾਤਾ ਨੂੰ ਦੰਡ ਦਿੱਤਾ ਜਾ ਸਕਦਾ ਹੈ।

### 4. ਜੇ ਮੈਨੂੰ ਲਗਦਾ ਹੈ ਕਿ ਨੌਕਰੀ ਦੀ ਪੇਸ਼ਕਸ਼ ਉਚਿਤ ਨਹੀਂ ਹੈ, ਤਾਂ ਕੀ ਹੋਏਗਾ?

ਆਦਰਸ਼ ਰੂਪ ਤੋਂ, ਤੁਹਾਡਾ ਉਦੇਸ਼ ਦੁਰਘਟਨਾ ਤੋਂ ਪਹਿਲਾਂ ਵਾਲੇ ਕੰਮ ਤੇ ਵਾਪਸ ਜਾਣਾ ਹੈ। ਜੇ ਤੁਹਾਡੇ ਕਾਰਜ ਪ੍ਰਤੀਬੰਧਾਂ ਜਾਂ ਵੈਧ ਕਾਰੋਬਾਰੀ ਕਾਰਨਾਂ ਤੋਂ ਹਮੇਸ਼ਾ ਸੰਭਵ ਨਹੀਂ ਹੋ ਸਕਦਾ ਹੈ।

ਜੇ ਤੁਹਾਨੂੰ ਨਹੀਂ ਲਗਦਾ ਕਿ ਵਿਕਲਪਿਕ ਸਥਿਤੀ ਉਚਿਤ ਹੈ, ਤਾਂ ਕਿਰਪਾ ਕਰਕੇ ਆਪਣੇ ਨੌਕਰੀਦਾਤਾ ਅਤੇ ਡਬਲਿਊਸੀਬੀ ਕੇਸ ਮੈਨੇਜਰ ਨਾਲ ਚਰਚਾ ਕਰੋ। ਸਥਾਈ ਕਾਰਜ ਪ੍ਰਤੀਬੰਧਾਂ ਦੀ ਪਛਾਣ ਹੋਣ ਤੇ ਡਬਲਿਊਸੀਬੀ ਨਵੀਂ ਕੁਸ਼ਲਤਾ ਦਾ ਵਿਕਾਸ ਜਾਂ ਸਿਖਲਾਈ ਦਾ ਸਮਰਥਨ ਕਰ ਸਕਦਾ ਹੈ।

## 5. ਕੀ ਹੋਏਗਾ ਜੇ ਮੇਰਾ ਨੌ ਕਰੀਦਾਤਾ ਮੈਨੂੰ ਉਚਿਤ ਸੰਸ਼ੋਧਿਤ ਕੰਮ ਪ੍ਰਦਾਨ ਕਰਨ ਵਿੱਚ ਸਮਰੱਥ ਨਾ ਹੋਏ?

ਸੱਟ ਤੋਂ ਬਾਅਦ ਸਾਡਾ ਮੁੱਢਲੇ ਉਦੇਸ਼ ਤੁਹਾਨੂੰ ਆਪਣੇ ਨੌਕਰੀਦਾਤਾ ਦੇ ਨਾਲ ਕੰਮ ਤੇ ਵਾਪਸ ਆਉਣ ਵਿੱਚ ਮਦਦ ਕਰਨਾ ਹੈ, ਅਤੇ ਅਸੀਂ ਸਾਰੇ ਸੰਭਾਵਿਤ ਵਿਕਲਪਾਂ ਦਾ ਪਤਾ ਲਗਾਵਾਂਗੇ। ਹਾਲਾਂਕਿ ਕੁਝ ਮਾਮਲਿਆਂ ਵਿੱਚ, ਇਹ ਸੰਭਵ ਨਹੀਂ ਵੀ ਹੋ ਸਕਦਾ ਹੈ।

ਫਿਰ ਅਸੀਂ ਤੁਹਾਡੇ ਕੰਮ ਪ੍ਰਤੀਬੰਧਾਂ ਦੀ ਪ੍ਰਕਿਰਤੀ ਦੇ ਆਧਾਰ ਤੇ ਤੁਹਾਨੂੰ ਦੂਜੀ ਨੌਕਰੀ ਲੱਭਣ ਵਿੱਚ ਮਦਦ ਕਰਨ ਲਈ ਕਿੱਤਾਕਾਰੀ ਸੇਵਾਵਾਂ ਪ੍ਰਦਾਨ ਕਰ ਸਕਦੇ ਹਨ।

## 6. ਮੇਰੀ ਬਹਾਲੀ ਦੇ ਦੌਰਾਨ ਮੇਰੀ ਤਨਖਾਹ ਦਾ ਭੁਗਤਾਨ ਕਰਨ ਲਈ ਕੌਣ ਜਿੰਮੇਵਾਰ ਹੈ?

ਆਮ ਤੌਰ ਤੇ WCB, ਮਜਦੂਰੀ ਪ੍ਰਤੀਸਥਾਪਨ ਲਾਭਾਂ ਨੂੰ ਉਦੋਂ ਤਕ ਪ੍ਰਦਾਨ ਕਰਦਾ ਹੈ ਜਦੋਂ ਤਕ ਕਿ ਤੁਸੀਂ ਕੰਮ ਤੇ ਵਾਪਸ ਆਉਣ ਦੇ ਯੋਗ ਨਹੀਂ ਹੁੰਦੇ ਹੋ। ਕੁਝ ਮਾਮਲਿਆਂ ਵਿੱਚ, ਤੁਹਾਡੀ ਬਹਾਲੀ ਦੇ ਦੌਰਾਨ ਤੁਹਾਡਾ ਨੌਕਰੀਦਾਤਾ ਤੁਹਾਡੀ ਤਨਖਾਹ ਨੂੰ ਕਵਰ ਕਰ ਸਕਦਾ ਹੈ। ਉਨ੍ਹਾਂ ਮਾਮਲਿਆਂ ਵਿੱਚ, WCB ਤੁਹਾਡੇ ਕੰਮ ਤੇ ਨਾ ਆ ਸਕਣ ਦੇ ਦੌਰਾਨ, ਨੌਕਰੀਦਾਤਾ ਨੂੰ ਭੁਗਤਾਨ ਕੀਤੇ ਗਏ ਤਨਖਾਹ ਦੀ ਭਰਪਾਈ ਕਰਦਾ ਹੈ।

ਜੇ ਤੁਹਾਡੇ ਤੇ ਪਾਬੰਦੀਆਂ ਹਨ ਅਤੇ ਘੱਟ ਘੰਟਿਆਂ ਜਾਂ ਘੱਟ ਤਨਖਾਹ ਤੇ ਆਵਾਸ ਦੀ ਲੋੜ ਹੈ, ਤਾਂ WCB ਤੁਹਾਡੇ ਠੀਕ ਹੋਣ ਤਕ ਮਜਦੂਰੀ ਟੋਪ-ਅਪ ਲਾਭ ਵੀ ਪ੍ਰਦਾਨ ਕਰ ਸਕਦਾ ਹੈ।

## 7. ਤੁਸੀਂ ਮੇਰੇ ਸਮੂਹਕ ਸਮਝੌਤੇ ਦੇ ਨਾਲ ਕੋਈ ਟਕਰਾਅ ਹੋ ਜਾਏ ਤਾਂ ਕੀ ਹੋਏਗਾ?

ਸਭ ਤੋਂ ਪਹਿਲਾਂ ਨੌਕਰੀਦਾਤਾ ਨੂੰ ਤੁਹਾਡੇ ਸਮੂਹਕ ਸਮਝੌਤੇ ਦੇ ਅੰਦਰ ਰੁਜਗਾਰ ਦੀ ਪੇਸ਼ਕਸ਼ ਕਰਨ ਦਾ ਜਤਨ ਕਰਨਾ ਚਾਹੀਦਾ ਹੈ। ਜੇ ਇਹ ਸੰਭਵ ਨਹੀਂ ਹੈ, ਤਾਂ ਤੁਹਾਡੇ ਨੌਕਰੀਦਾਤਾ ਨੂੰ ਸਮੂਹਕ ਸਮਝੌਤੇ ਦੇ ਬਾਹਰ ਰੁਜਗਾਰ ਦੇ ਅਵਸਰਾਂ ਤੇ ਵਿਚਾਰ ਕਰਨਾ ਚਾਹੀਦਾ ਹੈ - *ਵਰਕਰ ਮੁਆਵਜ਼ਾ ਅਧਿਨਿਯਮ* ਨੂੰ ਸਮੂਹਕ ਸਮਝੌਤੇ ਤੋਂ ਵਧ ਪ੍ਰਾਥਮਿਕਤਾ ਦਿੱਤੀ ਜਾਂਦੀ ਹੈ।

ਕਾਰਜਸਥਾਨ ਦੁਰਘਟਨਾ ਤੋਂ ਬਾਅਦ ਤੁਹਾਡੇ ਸਿਹਤ ਦੇਖਭਾਲ ਲਾਭਾਂ ਬਾਰੇ ਵਧੇਰੇ ਜਾਣਕਾਰੀ ਲਈ ਇੱਥੇ ਕਲਿੱਕ ਕਰੋ।

***ਅਜੇ ਵੀ ਕੋਈ ਸਵਾਲ ਹਨ?*** ਕਿਰਪਾ ਕਰਕੇ ਸਾਨੂੰ
1-866-922-9221 ਤੇ ਟੋਲ-ਫ੍ਰੀ ਕਾਲ ਕਰੋ।